**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਤੇ ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਸਿਵਲ ਵਰਕਸ/37952-991
ਮਿਤੀ ਚੰਡੀਗੜ੍ਹ 20 ਮਈ, 2010

**ਵਿਸ਼ਾ** **ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਸਰਵ ਸਿੱਖਿਆ ਅਭਿਆਨ ਅਧੀਨ ਹੋਣ ਵਾਲੇ ਕੰਮਾਂ ਨੂੰ ਨੇਪਰੇ ਚਾੜ੍ਹਨ ਸਬੰਧੀ ।**

1.0 ਉਪਰੋਕਤ ਵਿਸ਼ੇ ਤੇ ਮਹੀਨਾਵਾਰ ਮੀਟਿੰਗਾਂ ਵਿੱਚ ਆਪ ਜੀ ਨਾਲ ਹੋਏ ਵਿਚਾਰ ਵਟਾਂਦਰੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਹੁਣ ਨਵਾਂ ਅਕਾਦਮਿਕ ਸੈਸ਼ਨ 1.4.2010 ਤੋਂ ਸ਼ੁਰੂ ਹੋ ਗਿਆ ਹੈ । ਵੱਖ-ਵੱਖ ਅਧਿਆਪਕਾਂ ਅਤੇ ਸਕੂਲ ਮੁੱਖੀਆਂ ਤੋਂ ਇਹ ਸੁਝਾਅ ਪ੍ਰਾਪਤ ਹੋਇਆ ਹੈ ਕਿ ਸਕੂਲਾਂ ਵਿੱਚ ਸਾਲ ਦੀ ਸ਼ੁਰੂਆਤ ਵਿੱਚ ਹੀ ਥੋੜੀ-ਬਹੁਤੀ ਮੁਰੰਮਤ ਜਾਂ ਪਾਖਾਨਿਆਂ ਦੀ ਮੁਰੰਮਤ ਜ਼ਰੂਰ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਸਕੂਲ ਠੀਕ ਢੰਗ ਨਾਲ ਚੱਲ ਸਕਣ । ਇਹ ਵੀ ਸੁਝਾਅ ਪ੍ਰਾਪਤ ਹੋਇਆ ਹੈ ਕਿ ਸਾਰੇ ਸਕੂਲਾਂ ਦੀਆਂ ਇਮਾਰਤਾਂ ਦਾ ਰੰਗ ਰੋਗਣ ਅਤੇ ਸਫੈਦੀ ਕਰਵਾਉਣੀ ਬੜੀ ਜ਼ਰੂਰੀ ਹੈ ਕਿਉਂ ਕਿ ਕਈ ਇਮਾਰਤਾਂ ਦੀ ਹਾਲਤ ਖਸਤਾਂ ਹੈ ਅਤੇ ਇਸ ਦੇ ਨਾਲ ਇਨ੍ਹਾਂ ਦੀ ਦਿੱਖ ਵੀ ਚੰਗੀ ਨਹੀਂ ਹੈ ਜਿਸ ਦਾ ਸਿੱਧਾ ਸਬੰਧ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਤੇ ਵੀ ਪੈਂਦਾ ਹੈ ।

3.0 ਇਸ ਸਾਰੇ ਮੁੱਦੇ ਨੂੰ ਵਿਚਾਰਨ ਉਪਰੰਤ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, ਸਕੂਲ ਮੁੱਖੀ, ਸੈਂਟਰ ਹੈੱਡ ਟੀਚਰਾਂ ਨੂੰ ਹੇਠ ਲਿਖੇ ਅਨੁਸਾਰ ਕਾਰਵਾਈ ਤੁਰੰਤ ਕਰ ਲੈਣ ਦੀ ਹਦਾਇਤ ਦਿੱਤੀ ਜਾਂਦੀ ਹੈ :-

(1) ਸਾਰੇ ਸਕੂਲਾਂ ਵਿੱਚ ਰੰਗ ਰੋਗਨ ਜਾਂ ਸਫੈਦੀ ਜਿੱਥੇ ਕਿਤੇ ਲੋੜ ਹੋਵੇ, ਤੁਰੰਤ ਮਈ-ਜੂਨ ਦੇ ਮਹੀਨਿਆਂ ਵਿੱਚ ਹੀ ਕਰਵਾ ਲਈ ਜਾਵੇ ;

(2) ਜਿੱਥੇ ਕਿਤੇ ਸਕੂਲ ਦੀਆਂ ਸਾਰੀਆਂ ਕਲਾਸਾਂ ਦੇ ਬਲੈਕ ਬੋਰਡ ਬਣਾਏ ਜਾਣੇ ਲੋੜੀਂਦੇ ਹਨ ਜਾਂ ਜਿੱਥੇ ਰੰਗ ਰੋਗਨ ਦੀ ਲੋੜ ਹੈ ਤਾਂ ਉਸ ਨੂੰ ਤੁਰੰਤ ਮੁਕੰਮਲ ਕੀਤਾ ਜਾਵੇ ।

(3) ਸਕੂਲ ਵਿੱਚ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਭਾਰਤ, ਪੰਜਾਬ, ਜ਼ਿਲ੍ਹਿਆਂ ਦੇ ਨਕਸ਼ਿਆਂ ਦੀ ਲੋੜ ਹੈ (ਜੇਕਰ ਮੌਜੂਦ ਨਾ ਹੋਣ) ਤਾਂ ਇਹਨਾਂ ਨੂੰ ਵੀ ਬਣਾ ਲਿਆ ਜਾਵੇ ।

(4) ਜਿੱਥੇ ਕਿਤੇ ਲੜਕੀਆਂ ਦੇ ਪਾਖਾਨਿਆਂ ਦੀ ਮੁਰੰਮਤ ਦੀ ਲੋੜ ਹੈ ਤਾਂ ਇਹਨਾਂ ਦੀ ਵੀ ਮੁਰੰਮਤ ਕਰਵਾ ਲਈ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਪਾਖਾਨਿਆਂ ਦਾ ਰੱਖ ਰਖਾਅ ਚੰਗੀ ਤਰ੍ਹਾਂ ਰੱਖਿਆ ਜਾਵੇ ਤਾਂ ਜੋ ਵਿਦਿਆਰਥਣਾਂ ਨੂੰ ਇਨ੍ਹਾਂ ਪਾਖਾਨਿਆਂ ਦੀ ਵਰਤੋਂ ਵਿੱਚ ਕੋਈ ਔਕੜ ਪੇਸ਼ ਨਾ ਹੋਵੇ ।

(5) ਇਹਨਾਂ ਕੇਸਾਂ ਤੇ ਕੀਤਾ ਜਾਣ ਵਾਲਾ ਖਰਚਾ ਸਕੂਲ ਗਰਾਂਟ ਜਾਂ ਸਕੂਲ ਮੈਨਟੇਨੈਂਸ ਗਰਾਂਟ ਵਿੱਚੋਂ ਕੀਤਾ ਜਾ ਸਕਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ